

# ਜ਼ਿਲਾ ਰੋਜ਼ਗਾਰ ਵਿਭਾਗ

ਇਹ ਦਫ਼ਤਰ ਫਗਵਾੜਾ ਚੌਕ, ਨੇੜੇ ਬੱਸ ਸਟੈਂਡ, ਬੈਂਕ ਆਫ ਬੜੌਦਾ ਦੀ ਦੂਜੀ ਮੰਜ਼ਿਲ ਤੇ ਸਥਿਤ ਹੈ। ਇਸ ਅਧੀਨ ਤਹਿਸੀਲ ਪੱਧਰ ਦਾ ਰੋਜ਼ਗਾਰ ਦਫ਼ਤਰ ਤਲਵਾੜਾ ਵਿਖੇ ਸਥਿਤ ਹੈ। ਤਹਿਸੀਲ ਦੇ ਦਫ਼ਤਰ ਵਿਖੇ ਰੋਜ਼ਗਾਰ ਅਫ਼ਸਰ ਜਨਰਲ ਇੰਚਾਰਜ ਹੁੰਦਾ ਹੈ।

ਦਫ਼ਤਰ ਵਿੱਚ ਇੱਕ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਅਤੇ ਇੱਕ ਰੋਜ਼ਗਾਰ ਅਫ਼ਸਰ (ਕਿੱਤਾ ਅਗਵਾਈ) ਮੰਨਜ਼ੂਰ ਹੈ। ਇਸ ਸਮੇਂ ਰੋਜ਼ਗਾਰ ਅਫ਼ਸਰ ਕਿੱਤਾ ਅਗਵਾਈ ਦੀ ਆਸਾਮੀ ਖਾਲੀ ਹੈ।

ਇਸ ਦਫ਼ਤਰ ਵਿੱਚ 16 ਸਾਲ ਤੋਂ 50 ਸਾਲ ਦੀ ਉਮਰ ਤੱਕ ਦਾ ਕੋਈ ਵੀ ਬੇਰੋਜ਼ਗਾਰ ਉਮੀਦਵਾਰ ਆਪਣਾ ਨਾਮ ਰੋਜ਼ਗਾਰ/ਸਵੈ-ਰੋਜ਼ਗਾਰ ਲਈ ਦਰਜ ਕਰਵਾ ਸਕਦਾ ਹੈ। ਅਨਪੜ੍ਹ ਉਮੀਦਵਾਰਾਂ ਨੂੰ ਨਾਮ ਦਰਜ ਕਰਾਉਣ ਲਈ ਹੇਠ ਲਿਖੇ ਦਸਤਾਵੇਜ਼ਾਂ ਵਿੱਚੋਂ ਕਿਸੇ ਇੱਕ ਦਸਤਾਵੇਜ਼ ਦੀ ਲੋੜ ਹੈ।

*ਰਾਸ਼ਨ ਕਾਰਡ, ਵੋਟਰ ਸ਼ਨਾਖ਼ਤੀ ਕਾਰਡ, ਪੀਲਾ ਕਾਰਡ, ਮਿਉਂਸਪਲ ਕਮਿਸ਼ਨਰ/ਸਰਪੰਚ ਤੋਂ ਸਰਟੀਫਿਕੇਟ, ਮਾਤਾ-ਪਿਤਾ ਦਾ ਨੌਕਰੀ ਦਾ ਸਬੂਤ, ਪੰਜਾਬ ਵਿੱਚ ਪੜ੍ਹੇ-ਲਿਖੇ ਹੋਣ ਦਾ ਸਰਟੀਫਿਕੇਟ, ਕਿਸੇ ਗਜ਼ਟਿਡ ਅਧਿਕਾਰੀ ਜਾਂ ਸਕੂਲ ਹੈਡਮਾਸਟਰ ਦਾ ਪੱਤਰ, ਐਮ.ਐਲ.ਏ./ਐਮ.ਪੀ. ਵਲੋਂ ਜਾਰੀ ਕੀਤਾ ਗਿਆ ਸਰਟੀਫਿਕੇਟ, ਡੌਮੀਸਾਈਲ ਸਰਟੀਫਿਕੇਟ।*

**ਬੇਕਾਰੀ ਭੱਤਾ**

ਘੱਟ ਤੋਂ ਘੱਟ ਮੈਟ੍ਰਿਕ ਪਾਸ ਉਮੀਦਵਾਰਾਂ ਨੂੰ ਤਿੰਨ ਸਾਲ ਦੀ ਰਜਿਸਟਰੇਸ਼ਨ ਉਪਰੰਤ 150/- ਰੁਪਏ ਪ੍ਰਤੀ ਮਹੀਨਾ, ਬੀ.ਏ. ਪਾਸ ਨੂੰ 200/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਬੇਕਾਰੀ ਭੱਤਾ ਦਿੱਤਾ ਜਾਂਦਾ ਹੈ।

1) ਨੇਤਰਹੀਣ ਅਤੇ ਗੂੰਗੇ ਤੇ ਬੋਲੇ ਉਮੀਦਵਾਰਾਂ ਨੂੰ ਬੇਕਾਰੀ ਭੱਤਾ ਨਾਮ ਦਰਜ ਹੋਣ ਉਪਰੰਤ ਬਣਦੀ ਤਿਮਾਹੀ ਤੋਂ ਮਿਲਣ ਯੋਗ ਹੈ।
2) ਅੰਗਹੀਣ ਪ੍ਰਾਰਥੀ ਇੱਕ ਸਾਲ ਦੀ ਰਜਿਸਟਰੇਸ਼ਨ ਪੂਰੀ ਹੋਣ ਉਪਰੰਤ ਯੋਗ ਬਣ ਜਾਂਦੇ ਹਨ।
3) ਦੂਜੇ ਉਮੀਦਵਾਰਾਂ ਨੂੰ ਬੇਕਾਰੀ ਭੱਤਾ ਤਾਂ ਹੀ ਮਿਲਣ ਯੋਗ ਹੈ, ਜੇਕਰ ਉਨ੍ਹਾਂ ਦੀ ਰਜਿਸਟਰੇਸ਼ਨ 3 ਸਾਲ ਪੁਰਾਣੀ ਆਖ਼ਰੀ ਯੋਗਤਾ ਦਰਜ ਹੋਣ ਉਪਰੰਤ ਹੋ ਗਈ ਹੋਵੇ।
4) ਉਮਰ ਦੀ ਹੱਦ 17 ਸਾਲ ਤੋਂ 40 ਸਾਲ ਦਰਮਿਆਨ ਹੋਵੇ।
5) ਉਹ ਕਿਸੇ ਸਰਕਾਰੀ ਜਾਂ ਗ਼ੈਰ-ਸਰਕਾਰੀ ਮਾਨਤਾ ਪ੍ਰਾਪਤ ਸੰਸਥਾ ਵਿੱਚ ਰੈਗੂਲਰ ਤੌਰ ਤੇ ਜਾਂ ਪੱਤਰ ਵਿਹਾਰ ਰਾਹੀਂ ਪੜ੍ਹਦਾ ਨਾ ਹੋਵੇ।
6) ਉਸ ਦੀ ਆਪਣੀ ਨਿੱਜੀ ਆਮਦਨੀ ਕੁੱਝ ਵੀ ਨਾ ਹੋਵੇ ਅਤੇ ਉਸ ਦੇ ਪਰਿਵਾਰ ਦੀ ਮਾਸਿਕ ਆਮਦਨੀ 1000/- ਰੁਪਏ ਤੋਂ ਵੱਧ ਨਾ ਹੋਵੇ।
7) ਬੇਕਾਰੀ ਭੱਤਾ ਕੇਵਲ ਤਿੰਨ ਸਾਲ ਦੇ ਸਮੇਂ ਲਈ ਦਿੱਤਾ ਜਾਂਦਾ ਹੈ।

**ਕਿੱਤਾ ਅਗਵਾਈ ਬਾਰੇ**

ਇਸ ਦਫ਼ਤਰ ਵਿੱਚ ਜ਼ਿਲ੍ਹਾ ਪੱਧਰ ਦਾ ਵੋਕੇਸ਼ਨਲ ਗਾਈਡੈਂਸ ਸੈਂਟਰ ਭਾਵ ਕਿੱਤਾ ਅਗਵਾਈ ਕੇਂਦਰ ਸਥਾਪਤ ਹੈ, ਜਿਸ ਵਿੱਚ ਬੇਰੋਜ਼ਗਾਰ ਉਮੀਦਵਾਰਾਂ ਨੂੰ ਸਵੈ-ਰੋਜ਼ਗਾਰ ਸਕੀਮਾਂ ਸਬੰਧੀ ਲਿਟਰੇਚਰ ਅਤੇ ਜ਼ਬਾਨੀ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਸੈਂਟਰ ਵਿੱਚ ਲਾਈਬ੍ਰੇਰੀ ਮੌਜੂਦ ਹੈ, ਜਿੱਥੇ ਮੁਕਾਬਲੇ ਦੀਆਂ

ਪ੍ਰੀਖਿਆਵਾਂ ਅਤੇ ਕਿਤਾ ਕੋਰਸਾਂ ਨਾਲ ਸਬੰਧਤ ਕਿਤਾਬਾਂ ਮੌਜੂਦ ਹਨ।

ਇਸ ਤੋਂ ਇਲਾਵਾ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਸਬੰਧੀ ਟ੍ਰੇਨਿੰਗ ਸਹੂਲਤਾਂ ਵੋਕੇਸ਼ਨਲ ਅਤੇ ਪ੍ਰੋਫੈਸ਼ਨਲ ਕੋਰਸ ਸਬੰਧੀ ਗਾਈਡੈਂਸ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਵਲੋਂ ਮੁਹੱਈਆ ਕਰਵਾਈ ਜਾਂਦੀ ਹੈ। ਬੇਰੋਜ਼ਗਾਰ ਉਮੀਦਵਾਰਾਂ ਨੂੰ ਸਵੈ-ਰੋਜ਼ਗਾਰ ਅਪਣਾਉਣ ਲਈ ਮੋਟੀਵੇਸ਼ਨਲ ਕੈਂਪ ਲਗਾਏ ਜਾਂਦੇ ਹਨ। ਜਿਹੜੇ ਉਮੀਦਵਾਰਾਂ ਨੇ ਪ੍ਰਾਈਵੇਟ ਤੌਰ ਤੇ ਟਾਈਪ ਸ਼ਾਰਟਹੈਂਡ ਸਿੱਖੀ ਹੋਵੇ, ਉਨ੍ਹਾਂ ਦਾ ਹਰ ਮਹੀਨੇ ਦੇ ਦੂਜੇ ਵੀਰਵਾਰ ਟੈਸਟ ਲਿਆ ਜਾਂਦਾ ਹੈ। ਪਾਸ ਹੋਏ ਉਮੀਦਵਾਰਾਂ ਦਾ ਅੰਦਰਾਜ਼ ਉਨ੍ਹਾਂ ਦੇ ਰਿਕਾਰਡ ਵਿੱਚ ਦਰਜ਼ ਕਰਕੇ ਉਨ੍ਹਾਂ ਨੂੰ ਸਬੰਧਤ ਟਰੇਡ ਵਿੱਚ ਦਰਜ਼ ਕੀਤਾ ਜਾਂਦਾ ਹੈ।

ਅਖ਼ਬਾਰਾਂ ਵਿੱਚ ਵਿਗਿਆਪਨ ਆਸਾਮੀਆਂ/ਮੁਕਾਬਲੇ ਦੀਆਂ ਪ੍ਰੀਖਿਆਵਾਂ ਬਾਰੇ ਦੂਰ-ਦੁਰਾਡੇ ਪਿੰਡਾਂ ਵਿੱਚ ਰਹਿ ਰਹੇ ਉਮੀਦਵਾਰਾਂ ਨੂੰ ਡਾਕ ਰਾਹੀਂ ਸੂਚਿਤ ਕੀਤਾ ਜਾਂਦਾ ਹੈ।